**ਗਲਾਸਗੋ ਦਾ ਛੋਟਾ ਰੂਪ**

ਗਲਾਸਗੋ

ਗਲਾਸਗੋ ਵਿਚ, ਕਈ ਨਵੇਂ ''ਗਲਾਸਵੇਜੀਅਨਸ'' ਨਾਲ ਵੰਨ-ਸੁਵੰਨਤਾ ਵਾਲੀ ਵਸੋਂ ਹੈ

ਇਹ ਆਪਣੇ ਸਨਅੱਤੀ ਪਿਛੋਕੜ ਤੋਂ ਵਿਗਸਕੇ 21ਵੀਂ ਸਦੀ ਦਾ ਇੱਕ ਯੋਰਪੀਅਨ ਸ਼ਹਿਰ ਬਣ ਗਿਆ ਹੈ

ਜੇ ਗਲਾਸਗੋ ਸ਼ਹਿਰ 100 ਲੋਕਾਂ ਵਾਲਾ ਇੱਕ ਪਿੰਡ ਸੀ, ਤਾਂ ਇਹ, ਇਹੋ ਜਿਹਾ ਲੱਗਦਾ ਹੋਏਗਾ....

1 ਸਾਲ ਵਿਚ...

1 ਬੰਦਾ ਜੰਮਦਾ ਹੈ

1 ਬੰਦਾ ਮਰਦਾ ਹੈ

17 ਬੱਚੇ ਹਨ

66 ਬਾਲਗ਼ ਹਨ

17 ਪੇਂਸ਼ਨਰ ਹਨ

1 ਭਾਰਤੀ ਪਿਛੋਕੜ ਤੋਂ ਹੈ

3 ਪਾਕਿਸਤਾਨੀ, ਬੰਗਲਾਦੇਸ਼ੀ ਜਾਂ ਹੋਰ ਦੱਖਣ ਏਸ਼ੀਆਈ ਪਿਛੋਕੜ ਤੋਂ ਹਨ

1 ਚੀਨੀ ਹੈ

95 ਯੂਕੇ, ਯੋਰਪੀਅਨ ਜਾਂ ਹੋਰ ਪਿਛੋਕੜਾਂ ਤੋਂ ਹਨ

1 ਪੂਰਬੀ ਯੋਰਪ ਤੋਂ ਹੈ

ਸੌ ਗਲਾਸਵੇਜੀਅਨਸ ਵਿਚੋਂ 1 ਪਨਾਹ ਮੰਗਣ ਵਾਲਾ ਹੈ

ਗਲਾਸਗੋ ਵਿਚ ਵੰਨ-ਸੁਵੰਨਤਾ

ਸਾਈਟਹਿੱਲ ਵਿਚ 11 ਨਸਲੀ ਘੱਟਗਿਣਤੀ ਤੋਂ ਹਨ ਅਤੇ 6 ਪਨਾਹ ਮੰਗਣ ਵਾਲੇ ਹਨ

ਗੋਵਾਨਹਿੱਲ ਵਿਚ 19 ਨਸਲੀ ਘੱਟਗਿਣਤੀ ਤੋਂ ਹਨ ਅਤੇ 1 ਪਨਾਹ ਮੰਗਣ ਵਾਲਾ ਹੈ

ਈਸਟ ਪੋਲੋਕਸ਼ੀਲਡਸ ਵਿਚ 48 ਨਸਲੀ ਘੱਟਗਿਣਤੀ ਤੋਂ ਹਨ ਅਤੇ 1 ਪਨਾਹ ਮੰਗਣ ਵਾਲਾ ਹੈ

ਆਈਬ੍ਰੱਕਸ ਵਿਚ 12 ਨਸਲੀ ਘੱਟਗਿਣਤੀ ਤੋਂ ਹਨ ਅਤੇ 2 ਪਨਾਹ ਮੰਗਣ ਵਾਲੇ ਹਨ

ਹਿੱਲਹੈਡ ਅਤੇ ਵੁਡਲੈਂਡਸ ਵਿਚ 15 ਨਸਲੀ ਘੱਟਗਿਣਤੀ ਤੋਂ ਹਨ ਅਤੇ 1 ਪਨਾਹ ਮੰਗਣ ਵਾਲਾ ਹੈ

ਗਲਾਸਗੋ ਵਿਚ 100 ਤੋਂ ਵੱਧ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ

100 ਵਿਚੋਂ

65 ਈਸਾਈ ਹਨ

3 ਮੁਸਲਮਾਨ ਹਨ

2 ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਹਨ

22 ਨਾਸਤਿਕ ਹਨ

8 ਨੇ ਕੋਈ ਜਵਾਬ ਨਹੀਂ ਦਿੱਤਾ

ਅੱਜ ਜੰਮਿਆ ਇੱਕ ਬੱਚਾ ਆਪਣੇ 70ਵੇਂ ਜਨਮਦਿਨ ਤੱਕ ਜ਼ਿੰਦਾ ਰਹਿ ਸਕਦਾ ਹੈ

ਅੱਜ ਜੰਮੀ ਇੱਕ ਕੁੜੀ 77 ਸਾਲ ਤੱਕ ਜੀ ਸਕਦੀ ਹੈ

ਅਮੀਰਾਂ ਵਾਲੇ ਇਲਾਕੇ ਦਾ ਇੱਕ ਮੁੰਡਾ, ਗ਼ਰੀਬ ਇਲਾਕੇ ਦੇ ਇੱਕ ਬੱਚੇ ਤੋਂ 14 ਸਾਲ ਵੱਧ ਜੀਏਗਾ

ਅਮੀਰਾਂ ਵਾਲੇ ਇਲਾਕੇ ਦੀ ਇੱਕ ਕੁੜੀ, ਗ਼ਰੀਬ ਇਲਾਕੇ ਦੀ ਇੱਕ ਕੁੜੀ ਤੋਂ 8 ਸਾਲ ਵੱਧ ਜੀਏਗੀ

100 ਲੋਕਾਂ ਵਿਚੋਂ

60 ਚੰਗੀ ਸਿਹਤ ਵਾਲੇ ਹਨ

24 ਦੀ ਸਿਹਤ ਠੀਕ-ਠਾਕ ਹੈ

16 ਦੀ ਸਿਹਤ ਚੰਗੀ ਨਹੀਂ ਹੈ

26 ਨੂੰ ਲੰਮੇ ਸਮੇਂ ਦੀ ਬਿਮਾਰੀ ਹੈ

36 ਮਰਦਾਂ ਅਤੇ 28 ਔਰਤਾਂ ਨੇ ਇੱਕ ਹਫ਼ਤੇ ਵਿਚ ਸ਼ਰਾਬ ਪੀਣ ਦੀ ਸੁਝਾਈ ਗਈ ਸੀਮਾ ਤੋਂ ਵੱਧ ਸ਼ਰਾਬ ਪੀਤੀ

3 ਬਾਲਗ਼ ਸ਼ਰਾਬ ਪੀਣ ਦੀ ਸਮਸਿਆ ਤੋਂ ਪੀੜਤ ਹਨ

34 ਬਾਲਗ ਤਮਾਖੂਨੋਸ਼ੀ ਕਰਦੇ ਹਨ

22 ਬਾਲਗ ਮੋਟੇ ਹਨ

100 ਬੱਚਿਆਂ (13-15 ਸਾਲ ਦੀ ਉਮਰ) ਵਿਚੋਂ

8 ਬਾਕਾਇਦਾ ਤਮਾਖੂਨੋਸ਼ੀ ਕਰਦੇ ਹਨ

9 ਨੇ ਪਿਛਲੇ ਮਹੀਨੇ ਨਸ਼ੀਲੀਆਂ ਦਵਾਈਆਂ ਲਈਆਂ ਸਨ

17 ਨੇ ਪਿਛਲੇ ਹਫ਼ਤੇ ਸ਼ਰਾਬ ਪੀਤੀ ਸੀ

100 ਰਿਹਾਇਸ਼ਾਂ ਵਿਚੋਂ

50 ਸਥਾਈ ਸੰਪਤੀਆਂ ਹਨ

27 ਮਕਾਨ ਹਨ

12 ਬਹੁ-ਮੰਜ਼ਿਲੇ ਫ਼ਲੈਟ ਜਾਂ ਡੈਕਸ ਹਨ

11 'ਇੱਕ ਬਲਾੱਕ ਵਿਚ 4' ਹਨ

43 ਘਰਾਂ ਵਿਚ ਬਾਲਗ਼ ਇਕੱਲਿਆਂ ਰਹਿੰਦੇ ਹਨ

23 ਘਰਾਂ ਵਿਚ 2 ਬਾਲਗ਼ ਰਹਿੰਦੇ ਹਨ

8 ਵਿਚ 3 ਜਾਂ ਵੱਧ ਬਾਲਗ਼ ਰਹਿੰਦੇ ਹਨ

16 ਵਿਚ ਦੋ ਬਾਲਗ਼, ਬੱਚਿਆਂ ਨਾਲ ਰਹਿੰਦੇ ਹਨ

10 ਵਿਚ ਇੱਕ ਬਾਲਗ਼, ਬੱਚਿਆਂ ਨਾਲ ਰਹਿੰਦਾ ਹੈ

29 ਬਾਲਗ਼ਾਂ ਕੋਲ ਕੋਈ ਰਸਮੀ ਸਿਖਿਆ ਯੋਗਤਾ ਨਹੀਂ ਹੈ, 18 ਕੋਲ ਯੂਨੀਵਰਸਿਟੀ ਦੀ ਡਿਗਰੀ ਹੈ

16-19 ਸਾਲ ਦੇ ਲੋਕਾਂ ਵਿਚੋਂ ਲਗਭਗ 20, ਰੋਜ਼ਗਾਰ, ਸਿਖਿਆ ਜਾਂ ਸਿਖਲਾਈ ਵਿਚ ਨਹੀਂ ਹਨ

2 ਨੇ ਪਿਛਲੇ 3 ਸਾਲਾਂ ਵਿਚ ਹਿੰਸਕ ਜੁਰਮ ਕੀਤਾ ਹੈ

39 ਔਰਤਾਂ ਅਤੇ 24 ਮਰਦ, ਹਨੇਰਾ ਪੈਣ ਤੋਂ ਬਾਅਦ ਆਪਣੇ ਗੁਆਂਢ ਵਿਚ ਸੈਰ ਕਰਨ ਵੇਲੇ ਅਸੁਰੱਖਿਅਤ ਮਹਿਸੂਸ ਕਰਦੇ ਹਨ

57 ਲੋਕ 500 ਮੀਟਰ ਦੀ ਸੁੰਨਸਾਨ ਥਾਂ ਵਿਚ ਰਹਿੰਦੇ ਹਨ

86 ਲੋਕਾਂ ਨੇ, ਜਿਥੇ ਉਹ ਰਹਿੰਦੇ ਹਨ, ਉਸ ਥਾਂ ਨੂੰ ਚੰਗਾ ਦੱਸਿਆ ਹੈ

20 ਬਾਲਗ਼ ਬੇਰੋਜ਼ਗਾਰ ਹਨ ਜਾਂ ਇੰਨੇ ਜ਼ਿਆਦਾ ਬਿਮਾਰ ਹਨ ਕਿ ਕੰਮ ਨਹੀਂ ਕਰ ਸਕਦੇ

15 ਦਾ ਬੈਂਕ ਖਾਤਾ ਨਹੀਂ ਹੈ

25 ਲੋਕਾਂ ਦੀ ਆਮਦਨ ਹੀ ਨਹੀਂ ਹੈ

1971 ਵਿਚ 34 ਲੋਕ ਮੈਨਿਊਫ਼ੈਕਚਰਿੰਗ ਸਬੰਧੀ ਨੌਕਰੀਆਂ ਵਿਚ ਕੰਮ ਕਰਦੇ ਸਨ, 2005 ਤੱਕ ਸਿਰਫ਼ 6 ਸਨ

10 ਬਿਹਤਰੀਨ ਭੁਗਤਾਨ ਵਾਲੇ ਮੁਲਾਜ਼ਮਾਂ ਦੀ ਘੰਟੇ ਅਨੁਸਾਰ ਭੁਗਤਾਨ ਦਰ, 10 ਸਭ ਤੋਂ ਬਦਤਰੀਨ ਭੁਗਤਾਨ ਵਾਲੇ ਕਰਮਚਾਰੀਆਂ ਤੋਂ ਸਾਢੇ ਤਿੰਨ ਗੁਣਾ ਵੱਧ ਹੈ

100 ਵਰਕਰਾਂ ਵਿਚੋਂ

21 ਡਿਸਟ੍ਰੀਬਿਊਸ਼ਨ, ਹੋਟਲਾਂ ਅਤੇ ਰੈਸਤਰਾਂ ਵਿਚ ਕੰਮ ਕਰਦੇ ਹਨ

26 ਬੈਂਕਿੰਗ, ਮਾਲੀ ਅਤੇ ਬੀਮਾ ਸੈਕਟਰ ਵਿਚ ਹਨ

32 ਸਰਕਾਰੀ ਪ੍ਰਸ਼ਾਸਨ, ਸਿਖਿਆ ਅਤੇ ਸਿਹਤ ਵਿਚ ਹਨ

10 ਉਸਾਰੀ ਅਤੇ ਮੈਨਿਉਫ਼ੈਕਚਰਿੰਗ ਵਿਚ ਹਨ

6 ਟ੍ਰਾਂਸਪੋਰਟ ਅਤੇ ਸੰਚਾਰ ਵਿਚ ਹਨ

5 ਹੋਰ ਸੇਵਾਵਾਂ ਵਿਚ ਕੰਮ ਕਰਦੇ ਹਨ

56 ਲੋਕਾਂ ਕੋਲ, ਕੋਈ ਕਾਰ ਨਹੀਂ ਹੈ

33 ਕੰਮ ਜਾਂ ਅਧਿਅਨ ਲਈ ਬੱਸ, ਟ੍ਰੇਨ ਜਾਂ ਟੈਕਸੀ ਰਾਹੀਂ ਸਫ਼ਰ ਕਰਦੇ ਹਨ

39 ਕਾਰ ਚਲਾਉਂਦੇ ਜਾਂ ਇੱਕ ਕਾਰ ਵਿਚ_ਸਫ਼ਰ ਕਰਦੇ ਹਨ

27 ਪੈਦਲ ਜਾਂਦੇ ਹਨ

1 ਸਾਈਕਲ ਚਲਾਉਂਦਾ ਹੈ

2003 ਵਿਚ ਗਲਾਸਗੋ ਵਿਚ ਗੱਡੀਆਂ 3285 ਮਿਲੀਅਨ ਕਿਲੋਮੀਟਰ ਚੱਲੀਆਂ ਸਨ, 2021 ਵਿਚ, ਇਹਨਾਂ ਦੇ 24% ਵਧਣ ਦੀ ਪੇਸ਼ੀਨਗੋਈ ਹੈ

ਅੱਗੇ ਕੀ?

ਗਲਾਸਗੋ ਵਿਚ ਤਿਆਰ, 2009

## ਪ੍ਰਸੰਸਾ

ਮਿਨੀਏਚਰ ਅਰਥ ਵਲੋਂ ਪ੍ਰੇਰਿਤ

ਅਬਾਦੀ ਦੀ ਸਿਹਤ ਬਾਰੇ ਗਲਾਸਗੋ ਸੈਂਟਰ [Glasgow Centre for Population Health], ਇੰਟਰਨੈਸ਼ਨਲ ਫ਼ਿਊਚਰਸ ਫ਼ੋਰਮ [International Futures Forum] ਅਤੇ ਸਾਸਕੁਐਚ ਪ੍ਰੋਡਕਸ਼ਨਸ [Sasquatch Productions] ਵਲੋਂ ਪ੍ਰਾਪਤ ਸਹਿਯੋਗ ਨਾਲ ਤਿਆਰ।

ਇੱਕ ਇਮੇਜ ਗਲਾਸਗੋ ਸਟੋਰੀ ਤੋਂ ਹੈ ਅਤੇ ਇਸ ਨੂੰ ਗਲਾਸਗੋ ਸਿਟੀ ਕੌਂਸਲ, ਗਲਾਸਗੋ ਮਿਊਜ਼ੀਅਮ ਦੀ ਇਜਾਜ਼ਤ ਨਾਲ ਮੁੜ ਤਿਆਰ ਕੀਤਾ ਗਿਆ ਹੈ।

spud and matt by g_cowan

ਕ੍ਰਿਏਟਿਵ ਕਾੱਮਨਸ ਐਟਰੀਬਿਊਸ਼ਨ-ਨਾੱਨ ਕਮਰਸ਼ੀਅਲ ਲਾਇਸੈਂਸ ਹੇਠ ਲਾਇਸੈਂਸਸ਼ੁਦਾ।

ਮਿਨੀਏਚਰ ਗਲਾਸਗੋ ਵਿਚ ਵਰਤੇ ਗਏ ਅੰਕੜੇ ਯੂਕੇ ਸਰਕਾਰ, ਸਕਾੱਟਿਸ਼ ਸਰਕਾਰ ਅਤੇ ਗਲਾਸਗੋ ਸਿਟੀ ਕੌਂਸਲ ਅੰਦਰਲੇ ਕਈ ਸਰਵੇ ਅਤੇ ਪ੍ਰਸ਼ਾਸਨੀ ਵਸੀਲਿਆਂ ਤੋਂ ਆਏ ਹਨ।

ਹੋਰ ਜਾਣਕਾਰੀ ਲਈ info@miniatureglasgow.com 'ਤੇ ਈਮੇਲ ਕਰੋ ਜਾਂ ਵੈਬਸਾਈਟ www.miniatureglasgow.com ਵੇਖੋ।

@ ਅਬਾਦੀ ਦੀ ਸਿਹਤ ਬਾਰੇ ਗਲਾਸਗੋ ਸੈਂਟਰ, 2009